**Roll No. ..........................** **Total Pages : 05**

# GSQ/M-20 1678

## PUNJABI (ELECTIVE)

Time : Three Hours] [Maximum Marks : 80

<u>ਨੋਟ</u>:- **ਸਾਰੇ ਪ੍ਰਸ਼ਨ** ਹ'ਲ ਕਰਨੇ ਹਨ ।

**1.** <u>**ਕਿਸੇ ਇ'ਕ**</u> ਦੇ ਜੀਵਨ, ਰਚਨਾ ਅਤੇ ਦ੍ਰਿਸ਼ਟੀ ਉੱਪਰ ਇ'ਕ ਵਿਸਥਾਰ ਨਾਲ਼ ਚਰਚਾ ਕਰੋ :-

(ੳ) ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

(ਬ) ਪੀਲੂ

**2.** <u>**ਕਿਸੇ ਦੋ**</u> ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :-

(ੳ) ਸੰਤ ਕਾ ਨਿੰਦਕੁ ਮਹਾ ਅਤਤਾਈ ॥
ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥
ਸੰਤ ਕਾ ਨਿੰਦਕੁ ਮਹਾ ਹਤਿਆਰਾ ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥

(ਅ) ਇ'ਕ ਦਿਨ ਤੈਨੂੰ ਸੁਪਨਾ ਥੀਸਨਿ,
ਗਲੀਆਂ ਬਾਬਲ ਵਾਲੀਆਂ ਵੋਂ। ( ਰਹਾਉ )
ਉਡਿ ਗਏ ਭਉਰ ਫੁ'ਲਾਂ ਦੇ ਕੋਲੋਂ।
ਸਣ ਪਤਰਾਂ ਸਣ ਡਾਲੀਆਂ।

(ੲ) ਚੜ੍ਹਦੇ ਮਿਰਜੇ ਖਾਨ ਨੂੰ, ਵੰਜਣ ਦੇਂਦਾ ਮ'ਤ।
ਭ'ਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮ'ਤ।
ਹ'ਸ ਕੇ ਲਾਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦ'ਸ।
ਜਿਸ ਘਰ ਲਾਈ ਦੋਸਤੀ, ਮੂਲ ਨ ਘ'ਤੇ ਲ'ਤ।

(ਸ) ਖੰਡਾ ਪ੍ਰਿਥਮੈਂ ਸਾਜਕੈ ਜਿਨ ਸਭ ਸੰਸਾਰ ਉਪਾਇਆ ॥

ਬ੍ਰਹਮਾ, ਬਿਸਨ, ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇ ਬਣਾਇਆ ॥

ਸਿੰਧ, ਪਰਬਤ, ਮੇਦਿਨੀ ਬਿਨ ਥੰਮਾਂ ਗਗਨਿ ਰਹਾਇਆ ॥

ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦ ਰਚਾਇਆ ॥

**3.** ਪੂਰਵ ਨਾਨਕ ਕਾਲ ਵਿ'ਚ ਰਚੇ ਗਏ ਸਮੁ'ਚੇ ਸਾਹਿਤ ਨਾਲ਼ ਜਾਣ-ਪਛਾਣ ਕਰਵਾਓ ।

**ਜਾਂ**

ਵਾਰਿ ਕਾਵਿ-ਧਾਰਾ **ਜਾਂ** ਸੂਫੀ ਕਾਵਿ-ਧਾਰਾ ਉੱਪਰ ਇ'ਕ ਵਿਸਥਾਰ ਨਾਲ਼ ਨੋਟ ਲਿਖੋ ।

**4.** ਹੇਠ ਲਿਖੇ ਪੰਜਾਬੀ ਸਾਹਿਤ-ਰੂਪਾਂ ਵਿ'ਚੋਂ **ਕਿਸੇ ਦੋ** ਦੀ ਪਰਿਭਾਸ਼ਾ ਦ'ਸ ਕੇ ਉਨ੍ਹਾਂ ਦੇ ਗੁਣ-ਲ'ਛਣਾਂ ਬਾਰੇ ਵਿਚਾਰ ਕਰੋ :-

(i) ਨਾਵਲ (ii) ਇਕਾਂਗੀ

(iii) ਰੇਖਾ ਚਿ'ਤਰ (iv) ਜੀਵਨੀ

**5.** ਹੇਠ ਲਿਖੇ ਪੈਰ੍ਹੇ ਦਾ ਹਿੰਦੀ ਭਾਸ਼ਾ ਵਿ'ਚ ਅਨੁਵਾਦ ਕਰੋ :-

ਪੁਰਾਣੇ ਸਮਿਆਂ ਵਿ'ਚ ਵਿਆਹਾਂ ਅਤੇ ਮਰਨਿਆਂ ਤੇ ਅ'ਜ-ਕਲ ਵਾਂਗ ਕਾਰਡ ਨਹੀਂ ਛਪਦੇ ਸਨ । ਸ'ਦੇ ਜੁਬਾਨੀ ਤੇ ਸੁਨੇਹਿਆਂ ਰਾਹੀਂ ਹੀ ਪਹੁੰਚਦੇ ਸਨ । ਫਿਰ ਲੋਕੀ ਮਰਨਿਆਂ ਲਈ ਪੋਸਟ-ਕਾਰਡ ਭੇਜਣ ਲਗ ਪਏ । ਅਨਪੜ੍ਹਤਾ ਕਾਰਨ ਬਹੁਤ ਸਾਰੇ ਲੋਕ ਪੋਸਟ-ਕਾਰਡ ਪੜ੍ਹ ਨਹੀਂ ਸਕਦੇ ਸਨ । ਮਸਲਨ ਸ਼ਗਨਾਂ ਦੇ ਚਾਵਾਂ ਦੇ ਮੌਕੇ 'ਤੇ ਭੇਜੇ ਜਾਂਦੇ ਸ'ਦੇ ਦਾ ਸੁਖਾਵਾਂ ਅਤੇ ਖੁਸ਼ੀਆਂ ਭਰਿਆ ਭਾਵ ਉਜਾਗਰ ਕਰਨ ਲਈ ਕਾਰਡ 'ਤੇ ਕੇਸਰ, ਹਲਦੀ ਜਾਂ ਸੂਹੇ ਰੰਗ ਦਾ ਛਿ'ਟਾ ਦੇ ਦਿ'ਤਾ ਜਾਂਦਾ ਸੀ । ਕਾਰਡ ਪ੍ਰਾਪਤ ਕਰਨ ਵਾਲ਼ਾ ਜਾਣ ਜਾਂਦਾ ਸੀ ਕਿ ਕਾਰਡ ਖੁਸ਼ੀ ਦੀ ਖ਼ਬਰ ਲੈਕੇ ਆਇਆ ਹੈ । ਮਰਨ ਦੀ ਖ਼ਬਰ ਵਾਲੇ ਕਾਰਡ ਨੂੰ ਅ'ਧ ਵਿ'ਚੋਂ ਥੋੜਾ-ਜਿਹਾ ਪਾੜ ਦਿ'ਤਾ

ਜਾਂਦਾ ਸੀ । ਪਾਟਾ ਹੋਇਆ ਕਾਰਡ ਪਹੁੰਚਣ 'ਤੇ ਘਰ ਵਿ'ਚ ਸ'ਥਰ ਵਿਛ ਜਾਂਦਾ ਸੀ । ਤੀਵੀਆਂ ਤ੍ਰੈਣ ਪਾਉਣ ਲ'ਗ ਜਾਂਦੀਆਂ ਸਨ । ਆਂਢ-ਗੁਆਂਢ ਵਾਲ਼ੇ ਵੀ ਮਾਤਮ ਲਈ ਪਹੁੰਚ ਜਾਂਦੇ ਸਨ । ਸੁ'ਖ-ਸਾਂਦ ਦੀ ਖ਼ਬਰ ਵਾਲ਼ਾ ਕਾਰਡ ਜੇਕਰ ਕਿਸੇ ਅਣਗਹਿਲੀ ਕਾਰਨ ਰਾਹ ਵਿ'ਚ ਪਾਟੇ ਤਾਂ ਸਥਿਤੀ ਹਾਸੋ-ਹੀਣੀ ਵੀ ਹੋ ਜਾਂਦੀ ਸੀ । ਜਦੋਂ ਕੋਈ ਪੜ੍ਹਿਆ-ਲਿਖਿਆ ਕਾਰਡ ਪੜ੍ਹ ਕੇ ਦ'ਸਦਾ ਸੀ ਤਾਂ ਲੋਕ ਰੋਂਦੇ-ਰੋਂਦੇ ਹ'ਸਣ ਲ'ਗ ਪੈਂਦੇ ਸਨ ।

**6.** ਹੇਠ ਲਿਖੇ ਵਾਕਾਂ ਦੇ ਵਚਨ ਬਦਲੋ :-

(i) ਹਾਥੀ ਮਾਰਿਆ ਗਿਆ ।

(ii) ਚੋਰ ਚੋਰੀ ਕਰਨ 'ਤੇ ਪਕੜਿਆ ਜਾਂਦਾ ਹੈ ।

(iii) ਕੁ'ਤਾ ਚੋਰ ਨੂੰ ਵੇਖ ਕੇ ਭੌਂਕਦਾ ਹੈ ।

(iv) ਬਿ'ਲੀ ਚੂਹੇ ਨੂੰ ਵੇਖ ਕੇ ਦੌੜਦੀ ਹੈ ।

(v) ਮੇਹਨਤਕਸ਼ ਲੋਕ ਈਮਾਨਦਾਰ ਵੀ ਹੁੰਦੇ ਹਨ ।

**7.** ਹੇਠ ਲਿਖੇ ਵਾਕਾਂ ਦੇ ਲਿੰਗ ਬਦਲੋ :-

(i) ਮੁੰਡਿਆਂ ਨਾਲ਼ੋਂ ਕੁੜੀਆਂ ਹਰ ਖੇ'ਤਰ ਵਿ'ਚ ਅ'ਗੇ ਹਨ ।

(ii) ਮਾਤਾ ਬਾਜ਼ਾਰ ਵਿ'ਚ ਸਬਜ਼ੀ ਲੈਣ ਗਈ ।

(iii) ਕਲਾਸ ਵਿ'ਚ ਮੁੰਡੇ ਸ਼ੋਰ ਪਾ ਰਹੇ ਸਨ ।

(iv) ਮੇਰੇ ਮਾਮੇ ਦਾ ਮੁੰਡਾ ਸਕੂਲ ਵਿ'ਚ ਮਾਸ਼ਟਰ ਹੈ ।

(v) ਬ'ਚਾ ਬੇ-ਇਮਾਨ ਹੈ ।

**8.** ਹੇਠ ਲਿਖੇ ਲਘੂ ਉ'ਤਰਾਂ ਵਾਲੇ ਪ੍ਰਸ਼ਨਾਂ ਦੇ <u>ਚਾਰ</u> ਵਿਕਲਪ ਦਿ'ਤੇ ਹੋਏ ਹਨ, ਹਰੇਕ ਵਿ'ਚ ਠੀਕ ਵਿਕਲਪ ਲਿਖੋ :-

(i) ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਿੰਨੇ ਰਾਗਾਂ ਵਿ'ਚ ਬਾਣੀ ਰਚੀ ਹੈ ?

(a) 19 ਰਾਗਾਂ ਵਿ'ਚ (b) 20 ਰਾਗਾਂ ਵਿ'ਚ

(c) 21 ਰਾਗਾਂ ਵਿ'ਚ (d) 22 ਰਾਗਾਂ ਵਿ'ਚ

(ii) ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਕਿੰਨੇ ਸਲੋਕ ਹਨ ?

(a) 15 ਸਲੋਕ (b) 56 ਸਲੋਕ

(c) 57 ਸਲੋਕ (d) 51 ਸਲੋਕ

(iii) ਸ਼ਾਹ ਹੁਸੈਨ ਕਿਸ ਕਾਵਿ-ਧਾਰਾ ਨਾਲ਼ ਸੰਬੰਧਿਤ ਕਵੀ ਹੈ ?

(a) ਸੂਫੀ ਕਾਵਿ-ਧਾਰਾ

(b) ਗੁਰਮਤਿ ਕਾਵਿ-ਧਾਰਾ

(c) ਵਾਰ ਕਾਵਿ-ਧਾਰਾ

(d) ਕਿ‘ਸਾ ਕਾਵਿ-ਧਾਰਾ

(iv) ਪੀਲੂ ਦੀ ਪ੍ਰਸਿ‘ਧ ਰਚਨਾ ਕਿਹੜੀ ਹੈ ?

(a) ਹੀਰ-ਰਾਂਝਾ (b) ਮਿਰਜ਼ਾ-ਸਾਹਿਬਾਂ

(c) ਸੋਹਣੀ-ਮਹੀਵਾਲ (d) ਸ‘ਸੀ-ਪੁੰਨੂ

(v) ‘ਚੰਡੀ ਦੀ ਵਾਰ’ ਦਾ ਮੁਖ ਵਿਸ਼ਾ ਕੀ ਹੈ ?

(a) ਯੁ‘ਧ ਵਰਨਣ ਕਰਨਾ

(b) ਪੌਰਾਣਿਕ ਕਥਾ ਪੇਸ਼ ਕਰਨਾ

(c) ਬਦੀ ਉ‘ਪਰ ਨੇਕੀ ਦੀ ਜਿ‘ਤ

(d) ਦੇਵਤਿਆਂ ਦੀ ਕਹਾਣੀ ਪੇਸ਼ ਕਰਨਾ

(vi) ਪੰਜਾਬ ਸ਼ਬਦ ਕਿਹੜੇ-ਕਿਹੜੇ ਸ਼ਬਦਾਂ ਦੇ ਮੇਲ ਤੋਂ ਬਣਿਆ ?

(a) ਪੰਜ (b) ਆਬ

(c) ਪੰਜ+ਆਬ (d) ਪੰ+ਜਆਬ

(vii) ਪੰਜਾਬੀ ਦਾ ਪਹਿਲਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ ?

(a) ਚੌਰਗੀ ਨਾਥ ਨੂੰ (b) ਗੋਪੀ ਨਾਥ ਨੂੰ

(c) ਚਰਪਟ ਨਾਥ ਨੂੰ (d) ਗੋਰਖ ਨਾਥ ਨੂੰ

(viii) ਪੰਜਾਬੀ ਦੀ ਸਭਤੋਂ ਪਹਿਲੀ ਬੀਰ-ਰਸੀ ਰਚਨਾ ਕਿਹੜੀ ਹੈ ?

(a) ਬਚਿ'ਤਰ ਨਾਟਕ (b) ਚੰਡੀ ਦੀ ਵਾਰ

(c) ਅਕਾਲ ਉਸਤਤ (d) ਜਾਪੁ ਸਾਹਿਬ

(ix) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲਿਖਾਰੀ ਕੌਣ ਸਨ ?

(a) ਭਾਈ ਗੁਰਦਾਸ ਜੀ (b) ਬਾਬਾ ਬੁ'ਢਾ ਜੀ

(c) ਭਾਈ ਜੇਠਾ ਜੀ (d) ਭਾਈ ਲਹਿਣਾ ਜੀ

(x) ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜੀਵਨ ਕਾਲ ਦ'ਸੋ ?

(a) 1469-1539 ਈ: (b) 1470-1540 ਈ:

(c) 1472-1542 ਈ: (d) 1475-1545 ਈ: